ਪੰਜਾਬ ਸਰਕਾਰ
ਸਹਾਇਤਾ ਤੇ ਮੁੜ ਸਥਾਪਨ ਵਿਭਾਗ
(ਆਰ.ਆਰ. ਸ਼ਾਖਾ)

ਸੇਵਾ ਵਿਖੇ,

1. ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼ ।
2. ਪੰਜਾਬ ਰਾਜ ਦੇ ਸਮੂਹ ਉਪ ਮੰਡਲ ਮੈਜਿਸਟਰੇਟ ।

ਮੀਮੋ ਨੰ: 8/89/2000-ਰਰ-2/16912
ਚੰਡੀਗੜ੍ਹ, ਮਿਤੀ 12.11.2001.

ਵਿਸ਼ਾ:- ਅਣਪਛਾਤੇ ਕਾਤਲਾਂ ਵੱਲੋਂ ਘਿਨਾਉਣੇ ਜੁਰਮਾਂ ਦੇ ਸ਼ਿਕਾਰ ਹੋਏ ਲੋਕਾਂ ਦੇ ਪਰਿਵਾਰਾਂ ਨੂੰ ਯੋਗ ਰਾਹਤ ਦੇਣ ਬਾਰੇ ।

*****

ਪੰਜਾਬ ਸਰਕਾਰ ਨੇ ਅਣਪਛਾਤੇ ਕਾਤਲਾਂ ਵੱਲੋਂ ਕੀਤੇ ਗਏ ਘਿਨਾਉਣੇ ਜੁਰਮਾਂ ਜਿਵੇਂ ਕਿ ਲੁੱਟਮਾਰ, ਡਕੈਤੀ, ਚੋਰੀ ਜੋ ਕਿ ਆਈ.ਪੀ.ਸੀ. ਦੀ ਧਾਰਾ 382,392,394, 395,396,458,459 ਦੇ ਤਹਿਤ ਕਵਰ ਹੁੰਦੇ ਹਨ, ਤੋਂ ਪ੍ਰਭਾਵਿਤ ਹੋਏ ਲੋਕਾਂ ਨੂੰ ਯੋਗ ਰਾਹਤ ਦੇਣ ਦਾ ਫੈਸਲਾ ਕੀਤਾ ਹੈ, ਤਾਂ ਜੋ ਮਾਰੇ ਗਏ ਵਿਅਕਤੀਆਂ ਦੇ ਵਾਰਸ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰ ਸਕਣ। ਇਹ ਸਹਾਇਤਾ ਉਹਨਾਂ ਵਿਅਕਤੀਆਂ ਦੇ ਪਰਿਵਾਰਾਂ ਨੂੰ ਨਹੀਂ ਦਿੱਤੀ ਜਾਵੇਗੀ ਜਿਹੜੇ ਕਿ ਨਿੱਜੀ ਦੁਸ਼ਮਣੀ ਕਾਰਨ ਮਾਰੇ ਗਏ ਹੋਣ। ਲੁੱਟਮਾਰ, ਚੋਰੀ, ਡਕੈਤੀ ਦੀਆਂ ਘਟਨਾਵਾਂ ਵਿੱਚ ਮਾਰੇ ਗਏ ਵਿਅਕਤੀਆਂ ਦੇ ਵਾਰਸਾਂ/100% ਨਕਾਰਾ ਹੋਏ ਵਿਅਕਤੀਆਂ ਨੂੰ ਹੇਠ ਲਿਖੇ ਅਨੁਸਾਰ ਸਹਾਇਤਾ ਦਿੱਤੀ ਜਾਵੇਗੀ।

1. ਅਜਿਹੇ ਹਮਲਿਆਂ ਵਿਚ ਮਾਰੇ ਗਏ ਵਿਅਕਤੀਆਂ ਦੇ ਵਾਰਸਾਂ/100% ਪੱਕੇ ਤੌਰ ਤੇ ਨਕਾਰਾ ਹੋਏ ਵਿਅਕਤੀ ਨੂੰ ਇੱਕ ਲੱਖ ਰੁਪਏ ਦੀ ਐਕਸ਼ ਗਰੇਸ਼ੀਆ ਗਰਾਂਟ ਦਿੱਤੀ ਜਾਵੇਗੀ।
2. ਜਿਹੜੇ ਵਿਅਕਤੀ ਅਜਿਹੇ ਹਮਲਿਆਂ ਵਿੱਚ ਗੰਭੀਰ ਰੂਪ ਵਿਚ ਜਖਮੀ ਹੋਏ ਹੋਣ ਅਤੇ ਹਸਪਤਾਲਾਂ ਵਿਚ ਦਾਖਲ ਰਹੇ ਹੋਣ, ਹਰੇਕ ਨੂੰ 15000/- ਰੁਪਏ ਦਿੱਤੇ ਜਾਣਗੇ।
3. ਮੁਜਰਮਾਂ ਵਲੋਂ ਡਾਕੇ ਦੇ ਮੰਤਵ ਨਾਲ ਕੀਤੇ ਗਏ ਹਮਲਿਆਂ ਵਿੱਚ ਮਾਰੇ ਗਏ ਪੁਰਸ਼/ਇਸਤਰੀ ਉਤੇ ਨਿਰਭਰ ਇੱਕ ਵਾਰਸ ਅਤੇ 100% ਪੱਕੇ ਤੌਰ ਤੇ ਨਕਾਰਾ ਹੋਏ ਵਿਅਕਤੀ ਦੇ ਵਾਰਸ ਨੂੰ ਦਰਜਾ-3 ਅਤੇ ਦਰਜਾ-4 ਦੀ ਅਸਾਮੀ ਤੇ ਉਸ ਦੀ ਵਿਦਿਅਕ ਯੋਗਤਾ ਅਨੁਸਾਰ ਨੌਕਰੀ ਦਿੱਤੀ ਜਾਵੇਗੀ।
4. ਇਹ ਲਾਭ ਪਰਿਵਾਰ ਉਤੇ ਹੋਏ ਹਮਲੇ ਦੇ ਛੇ ਮਹੀਨੇ ਦੇ ਅੰਦਰ ਅੰਦਰ ਦਿੱਤੇ ਜਾਣਗੇ। ਪਰਿਵਾਰ ਦੇ ਵਾਰਸਾਂ ਨੂੰ ਰੋਜ਼ਗਾਰ ਪੜਤਾਲ ਮੁਕੰਮਲ ਹੋਣ ਉਪਰੰਤ ਜਾਂ ਇੱਕ ਸਾਲ ਦੇ ਸਮੇਂ ਤੋਂ ਬਾਅਦ, ਇਹਨਾਂ ਵਿਚੋਂ ਜੋ ਵੀ ਬਾਅਦ ਵਿੱਚ ਹੋਵੇ, ਦਿੱਤਾ ਜਾਵੇਗਾ।

2. ਇਹ ਫੈਸਲਾ ਮਿਤੀ 1.1.1999 ਤੋਂ ਲਾਗੂ ਹੋਵੇਗਾ।

ਚਲਦਾ ਪੰਨਾ/2--

3. ਇਹ ਖਰਚਾ ਮੁੱਖ ਮੱਦ-2235-ਸਮਾਜਿਕ ਸੁਰੱਖਿਆ ਅਤੇ ਭਲਾਈ-60 ਹੋਰ ਸਮਾਜਿਕ ਸੁਰੱਖਿਆ ਅਤੇ ਭਲਾਈ ਪ੍ਰੋਗਰਾਮ-200 ਹੋਰ ਸਕੀਮਾਂ-09 ਦੰਗਿਆਂ ਤੋਂ ਪ੍ਰਭਾਵਿਤ ਲੋਕਾਂ ਨੂੰ ਮੁਆਵਜ਼ਾ 50 ਹੋਰ ਮੁਆਵਜ਼ੇ ਵਿਚੋਂ ਖਰਚ ਕੀਤਾ ਜਾਇਆ ਕਰੇਗਾ।

4. ਇਹ ਸਹਾਇਤਾ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਦਿੱਤੀ ਜਾਵੇਗੀ।

1. ਇਹ ਸਹਾਇਤਾ ਗਜ਼ਟਿਡ ਪੁਲਿਸ ਅਫਸਰ ਦੀ ਸਪੈਸ਼ਲ ਰਿਪੋਰਟ ਦੇ ਆਧਾਰ ਤੇ ਦਿਤੀ ਜਾਵੇਗੀ। ਇਹ ਸਪੈਸ਼ਲ ਰਿਪੋਰਟ ਵਾਰਦਾਤ ਹੋਣ ਤੋ 15 ਦਿਨਾਂ ਦੇ ਅੰਦਰ ਅੰਦਰ ਪੜਤਾਲ ਕਰਕੇ ਪੇਸ਼ ਕੀਤੀ ਜਾਵੇਗੀ।
2. ਐਸ.ਐਸ.ਪੀ. ਕੇਸ ਤੇ ਵੈਰੀਫਿਕੇਸ਼ਨ ਕਰਨ ਤੋ ਬਾਅਦ ਡਿਪਟੀ ਕਮਿਸ਼ਨਰ ਨੂੰ ਭੇਜੇਗਾ ਜੋ ਕਿ ਸਹਾਇਤਾ ਦੇਣ ਦੇ ਪ੍ਰਵਾਨਿਤ ਕਰਤਾ ਹਨ। ਜੇਕਰ ਐਸ.ਐਸ.ਪੀ. ਅਤੇ ਉਕਤ ਅਧਿਕਾਰੀ ਦੀ ਸਪੈਸ਼ਲ ਰਿਪੋਰਟ ਤੇ ਤਸੱਲੀ ਨਹੀ ਹੁੰਦੀ ਤਾਂ ਉਹ ਪੜਤਾਲ ਦੁਬਾਰਾ ਕਰਨ ਦਾ ਹੁਕਮ ਕਰ ਸਕਦਾ ਹੈ।
3. ਆਮ ਹਾਲਾਤਾਂ ਵਿੱਚ ਜਾਇਜ਼ ਕੇਸਾਂ ਵਿੱਚ ਸਹਾਇਤਾ ਦੋ ਮਹੀਨੇ ਦੇ ਅੰਦਰ ਅੰਦਰ ਹੋਣੀ ਚਾਹੀਦੀ ਹੈ। ਕਿਸੇ ਕੇਸ ਵਿੱਚ 6 ਮਹੀਨੇ ਤੋ ਜ਼ਿਆਦਾ ਸਮਾਂ ਨਹੀ ਲੱਗਣਾ ਚਾਹੀਦਾ।
4. ਡਿਪਟੀ ਕਮਿਸ਼ਨਰਾਂ ਵਲੋ ਉਪ ਮੰਡਲ ਮੈਜਿਸਟਰੇਟ ਨੂੰ ਕੇਸ ਦੀ ਮੰਨਜੂਰੀ ਕਰਕੇ ਸੂਚਿਤ ਕੀਤਾ ਜਾਵੇਗਾ ਅਤੇ ਕਾਪੀ ਐਸ.ਐਸ.ਪੀ. ਨੂੰ ਭੇਜੀ ਜਾਵੇਗ ਉਪ ਮੰਡਲ ਮੈਜਿਸਟਰੇਟ ਵਲੋ ਸਹਾਇਤਾ ਦੇਣ ਉਪਰੰਤ ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ. ਨੂੰ ਸੂਚਿਤ ਕੀਤਾ ਜਾਵੇਗਾ।
5. ਪ੍ਰਭਾਵਿਤ ਪਰਿਵਾਰਾਂ ਦੇ ਮੈਂਬਰਾਂ ਨੂੰ ਨੌਕਰੀ ਦੇਣ ਦੀ ਜ਼ਿੰਮੇਵਾਰੀ ਡਿਪਟੀ ਕਮਿਸ਼ਨਰਾਂ ਦੀ ਹੋਵੇਗੀ। ਨੌਕਰੀ ਦੇਣ ਲਈ ਸ਼ਰਤਾਂ ਅੱਤਵਾਦ/1984 ਦੇ ਦੰਗਿਆਂ ਤੋ ਪ੍ਰਭਾਵਿਤ ਪਰਿਵਾਰਾਂ ਨੂੰ ਨੌਕਰੀ ਦੇਣ ਵਾਲੀਆਂ ਹੀ ਲਾਗੂ ਹੋਣਗੀਆਂ।

5. ਇਹ ਹਦਾਇਤਾਂ ਵਿੱਤ ਵਿਭਾਗ ਦੇ ਆਈ.ਡੀ.ਨੰ: 5/4/2000-3 ਵਿ.ਖ.-6/1355 ਮਿਤੀ 22.5.2001 ਰਾਹੀ ਦਿੱਤੀ ਗਈ ਸਲਾਹ ਨਾਲ ਜਾਰੀ ਕੀਤੀਆਂ ਗਈਆਂ ਹਨ।

6. ਇਹਨਾਂ ਹਦਾਇਤਾਂ ਦੀ ਪਾਲਣਾ ਨੂੰ ਇੰਨ-ਬਿੰਨ ਯਕੀਨੀ ਬਣਾਇਆ ਜਾ

ਚੰਡੀਗੜ੍ਹ
ਮਿਤੀ 23.10.2001.

ਬੀ.ਕੇ. ਸ੍ਰੀਵਾਸਤਵਾ
ਸਕੱਤਰ, ਪੰਜਾਬ ਸਰਕਾਰ
ਸਹਾਇਤਾ ਤੇ ਮੁੜ ਸਥਾਪਨ ਵਿ

2. ਇਸ ਦਾ ਇੱਕ ਉਤਾਰਾ ਪ੍ਰਮੁੱਖ ਸਕੱਤਰ/ਮੁੱਖ ਮੰਤਰੀ ਪੰਜਾਬ ਜੀ ਨੂੰ ਮੁੱਖ ਮੰਤਰੀ ਪੰਜਾਬ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸੇਵਾ ਵਿਖੇ,
ਪ੍ਰਮੁੱਖ ਸਕੱਤਰ/ਮੁੱਖ ਮੰਤਰੀ,
ਪੰਜਾਬ।

ਡਾਇਰੈਕਟਰ-ਕਮ-ਸਪੈਸ਼ਲ ਸਕੱਤਰ,
ਸਹਾਇਤਾ ਤੇ ਮੁੜ ਸਥਾਪਨ ਵਿਭਾਗ

ਅੰ.ਵਿ.ਪੱ.ਨੰ: 8/89/2000-ਰਰ-2/ 16913 ਚੰਡੀਗੜ੍ਹ, ਮਿਤੀ 12.11.2001.

3. ਇਸ ਦਾ ਇੱਕ ਉਤਾਰਾ ਅਧੀਨ ਸਕੱਤਰ ਵਿੱਤ ਵਿਭਾਗ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ-ਕਮ-ਸਪੈਸ਼ਲ ਸਕੱਤਰ, ਪੰਜਾਬ

ਸੇਵਾ ਵਿਖੇ,

ਅਧੀਨ ਸਕੱਤਰ, ਪੰਜਾਬ ਸਰਕਾਰ
ਵਿੱਤ ਵਿਭਾਗ।

ਅੰ.ਵਿ.ਪੱ.ਨੰ:8/89/2000-ਰਰ-2/ 16914 ਚੰਡੀਗੜ੍ਹ ਮਿਤੀ 12.11.2001

4. ਇਸ ਦਾ ਇਕ ਉਤਾਰਾ ਸਕੱਤਰ ਪੰਜਾਬ ਸਰਕਾਰ ਆਮ ਰਾਜ ਪ੍ਰਬੰਧ ਵਿਭਾਗ ਮੰਤਰੀ ਮੰਡਲ ਮਾਮਲੇ ਸ਼ਾਖਾ ਨੂੰ ਉਹਨਾਂ ਦੇ ਪੱਤਰ ਨੰ: 1/231/2000-ਕੈਬਨਿਟ/6236 ਮਿਤੀ 3.11.2000 ਅਤੇ ਪੱਤਰ ਨੰ: 1/251/2000-ਕੈਬਨਿਟ/16185 ਮਿਤੀ 30.10.2001 ਦੇ ਸ ਵਿੱਚ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ-ਕਮ-ਸਪੈਸ਼ਲ ਸਕੱਤਰ, ਪੰਜਾਬ ਸਰ
ਸਹਾਇਤਾ ਤੇ ਮੁੜ ਸਥਾਪਨ ਵਿਭਾਗ।

ਸੇਵਾ ਵਿਖੇ,

ਸਕੱਤਰ, ਪੰਜਾਬ ਸਰਕਾਰ
ਆਮ ਰਾਜ ਪ੍ਰਬੰਧ ਵਿਭਾਗ
(ਮੰਤਰੀ ਮੰਡਲ ਮਾਮਲੇ ਸ਼ਾਖਾ)

ਅੰ.ਵਿ.ਪੱ.ਨੰ: 8/89/2000-ਰਰ-2/ 16915 ਚੰਡੀਗੜ੍ਹ ਮਿਤੀ 12.11.2001

5. ਇਸ ਦਾ ਇਕ ਉਤਾਰਾ ਸਕੱਤਰ ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ-ਕਮ-ਸਪੈਸ਼ਲ ਸਕੱਤਰ, ਪੰਜਾਬ ਸਰਕਾਰ
ਸਹਾਇਤਾ ਤੇ ਮੁੜ ਸਥਾਪਨ ਵਿਭਾਗ।

ਸੇਵਾ ਵਿਖੇ,

ਸਕੱਤਰ ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ।

ਅੰ.ਵਿ.ਪੱ.ਨੰ: 8/89/2000-ਰਰ-2/ 16916 ਚੰਡੀਗੜ੍ਹ ਮਿਤੀ 12.11.2001.

6. ਇਸ ਦਾ ਇਕ ਉਤਾਰਾ ਸਕੱਤਰ/ਰਾਜਪਾਲ ਪੰਜਾਬ ਨੂੰ ਮਾਨਯੋਗ ਰਾਜਪਾਲ ਪੰਜਾਬ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ-ਕਮ-ਸਪੈਸ਼ਲ ਸਕੱਤਰ, ਪੰਜਾਬ ਸਰਕਾ
ਸਹਾਇਤਾ ਤੇ ਮੁੜ ਸਥਾਪਨ ਵਿਭਾਗ।

ਸੇਵਾ ਵਿਖੇ,

ਸਕੱਤਰ/ਰਾਜਪਾਲ ਪੰਜਾਬ।

ਅੰ.ਵਿ.ਪੱ.ਨੰ: 8/89/2000-ਰਰ-2/ 16917 ਚੰਡੀਗੜ੍ਹ ਮਿਤੀ 12.11.2001.

ਪਿੱਠ ਅੰਕਣ ਨੰ: 8/89/2000-ਰਰ2/ 16918 ਚੰਡੀਗੜ੍ਹ ਮਿਤੀ 12.11.2001.

7. ਇਸ ਦਾ ਇਕ ਉਤਾਰਾ ਅਕਾਊਂਟੈਂਟ ਜਨਰਲ (ਏ.ਈ.) ਅਤੇ ਆਡਿਟ ਪੰਜਾਬ ਚੰਡੀਗੜ੍ਹ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ-ਕਮ-ਸਪੈਸ਼ਲ ਸਕੱਤਰ, ਪੰਜਾਬ ਸਰ

ਪਿੱਠ ਅੰ.ਨੰ: 8/89/2000-ਰਰ-2/16919 ਚੰਡੀਗੜ੍ਹ, ਮਿਤੀ 12.11.2001.

8. ਇਸ ਦੀਆਂ ਦੋ ਕਾਪੀਆਂ ਕੰਟਰੋਲਰ ਪ੍ਰਿੰਟਿੰਗ ਅਤੇ ਸਟੇਸ਼ਨਰੀ ਪੰਜਾਬ ਚੰਡੀਗੜ੍ਹ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਸ ਨੋਟੀਫਿਕੇਸ਼ਨ ਦੀਆਂ 200 ਕਾਪੀਆਂ ਪ੍ਰਕਾਸ਼ਤ ਕੀਤੀਆਂ ਜਾਣ।

ਡਾਇਰੈਕਟਰ-ਕਮ-ਸਪੈਸ਼ਲ ਸਕੱਤਰ, ਪੰਜਾਬ ਸਰਕਾਰ,
ਸਹਾਇਤਾ ਤੇ ਮੁੜ ਸਥਾਪਨ ਵਿਭਾਗ।

ਪਿੱਠ ਅੰਕਣ ਨੰ: 8/89/2000-ਰਰ-2/ 16920 ਚੰਡੀਗੜ੍ਹ, ਮਿਤੀ 12.11.2001.

9. ਇਸ ਦਾ ਇੱਕ ਉਤਾਰਾ ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਹਨਾਂ ਹਦਾਇਤਾਂ ਦੀਆਂ ਕਾਪੀਆਂ ਆਪਣੇ ਅਧੀਨ ਆਉਂਦੇ ਪੁਲਿਸ ਸਟੇਸ਼ਨ/ਐਸ.ਐਸ.ਪੀ. ਦੇ ਦਫਤਰਾਂ ਨੂੰ ਤੁਰੰਤ ਭੇਜੀਆਂ ਜਾਣ। ਹਦਾਇਤਾਂ ਦੀਆਂ ਕਾਪੀਆਂ ਭੇਜਕੇ ਉਹਨਾਂ ਦੀ ਪਹੁੰਚ ਰਸੀਦ ਵੀ ਭੇਜੀ ਜਾਵੇ।

ਡਾਇਰੈਕਟਰ-ਕਮ-ਸਪੈਸ਼ਲ ਸਕੱਤਰ, ਪੰਜਾਬ ਸਰਕਾਰ,
ਸਹਾਇਤਾ ਤੇ ਮੁੜ ਸਥਾਪਨ ਵਿਭਾਗ।